## BeatAsthma ਕੀ ਹੈ?

ਦਮਾ ਆਮ ਹੈ - ਯੂਕੇ ਵਿੱਚ ਲਗਭਗ 10 ਵਿੱਚੋਂ 1 ਬੱਚੇ ਅਤੇ ਨੌਜਵਾਨ ਇਸ ਤੋਂ ਪੀੜਤ ਹਨ।

ਦਮੇ ਵਾਲੇ ਬਹੁਤ ਸਾਰੇ ਲੋਕਾਂ ਨੂੰ ਹਲਕੀ ਬਿਮਾਰੀ ਹੁੰਦੀ ਹੈ ਅਤੇ ਹੋ ਸਕਦਾ ਹੈ ਉਹਨਾਂ ਦੇ ਲੱਛਣ ਉਹਨਾਂ ਦੀਆਂ ਜ਼ਿੰਦਗੀਆਂ ਵਿੱਚ ਬਿਲਕੁੱਲ ਵੀ ਦਖਲ ਨਾ ਦੇਣ। ਇਸਦੇ ਸਿੱਟੇ ਵਜੋਂ, ਬਹੁਤ ਸਾਰੇ ਲੋਕ ਦਮੇ ਬਾਰੇ ਚਿੰਤਾ ਨਹੀਂ ਕਰਦੇ ਜਾਂ ਲੱਛਣਾਂ ਨੂੰ ਬਹੁਤ ਗੰਭੀਰਤਾ ਨਾਲ ਨਹੀਂ ਲੈਂਦੇ।

ਪਰ ਸਾਰਾ ਦਮਾ ਹਲਕਾ ਨਹੀਂ ਹੁੰਦਾ, ਅਤੇ ਏਥੋਂ ਤੱਕ ਕਿ ਹਲਕਾ ਦਮਾ ਵੀ ਜਿਸਦਾ ਉਚਿਤ ਤਰੀਕੇ ਨਾਲ ਇਲਾਜ ਨਹੀਂ ਕੀਤਾ ਜਾਂਦਾ, ਉਹ ਜੀਵਨ ਦੀ ਗੁਣਵਤਾ 'ਤੇ ਅਸਰ ਪਾ ਸਕਦਾ ਹੈ, ਅਤੇ ਲੋਕਾਂ ਨੂੰ ਉਹ ਚੀਜ਼ਾਂ ਕਰਨ ਤੋਂ ਰੋਕ ਸਕਦਾ ਹੈ ਜੋ ਉਹ ਕਰਨੀਆਂ ਚਾਹੁੰਦੇ ਹਨ।

ਅਤੇ, ਹਾਲਾਂਕਿ ਦਮਾ ਆਮ ਤੌਰ 'ਤੇ ਹਲਕਾ ਹੁੰਦਾ ਹੈ, ਪਰ ਕਦੇ-ਕਦਾਈਂ ਇਹ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲਾ ਹੋ ਸਕਦਾ ਹੈ। ਏਥੋਂ ਤੱਕ ਕਿ ਜਿੰਨ੍ਹਾਂ ਲੋਕਾਂ ਨੇ ਇਹ ਸੋਚਿਆ ਸੀ ਕਿ ਉਹਨਾਂ ਨੂੰ ਕੇਵਲ ਹਲਕਾ ਦਮਾ ਹੈ, ਉਹਨਾਂ ਨੂੰ ਵੀ ਜੀਵਨ ਨੂੰ ਖਤਰੇ ਵਿੱਚ ਪਾਉਣ ਵਾਲੇ ਦੌਰੇ ਪੈ ਸਕਦੇ ਹਨ। ਇਹ ਆਮ ਤੌਰ 'ਤੇ ਇਸ ਲਈ ਹੁੰਦਾ ਹੈ ਕਿਉਂਕਿ ਉਹ ਨਹੀਂ ਜਾਣਦੇ ਸਨ ਕਿ ਜਦੋਂ ਚੀਜ਼ਾਂ ਵਿਗੜ ਰਹੀਆਂ ਸਨ ਤਾਂ ਉਨ੍ਹਾਂ ਨੂੰ ਕਿਵੇਂ ਪਛਾਣਨਾ ਹੈ, ਜਾਂ ਨਹੀਂ ਪਤਾ ਸੀ ਕਿ ਕੀ ਕਰਨਾ ਹੈ ਭਾਵੇਂ ਉਨ੍ਹਾਂ ਨੇ ਇਸਨੂੰ ਪਛਾਣ ਲਿਆ ਸੀ।

ਅਫਸੋਸ ਦੀ ਗੱਲ ਹੈ ਕਿ ਹਰ ਸਾਲ ਯੂਕੇ ਵਿੱਚ ਲੱਗਭਗ 20-30 ਬੱਚੇ ਅਤੇ ਜਵਾਨ ਲੋਕ ਆਪਣੇ ਦਮੇ ਕਰਕੇ ਮਰ ਜਾਂਦੇ ਹਨ। ਅਸੀਂ ਜਾਣਦੇ ਹਾਂ ਕਿ ਪਰਿਵਾਰਾਂ, ਨੌਜਵਾਨਾਂ, ਸਕੂਲਾਂ ਅਤੇ ਸਿਹਤ ਪੇਸ਼ੇਵਰਾਂ ਨੂੰ ਦਮੇ ਬਾਰੇ ਸਿੱਖਿਅਤ ਕਰਨਾ, ਇਹ ਪਛਾਣਨਾ ਕਿ ਚੀਜ਼ਾਂ ਕਦੋਂ ਗਲਤ ਹੋਣੀਆਂ ਸ਼ੁਰੂ ਹੋ ਰਹੀਆਂ ਹਨ ਅਤੇ ਦਮੇ ਦੇ ਇਲਾਜ ਵਿੱਚ ਸਰਲ ਕਦਮਾਂ ਨੂੰ ਸਹੀ ਤਰੀਕੇ ਨਾਲ ਕਿਵੇਂ ਕਰਨਾ ਹੈ, ਇਹ ਇੱਕ ਵਾਸਤਵਿਕ ਫਰਕ ਲਿਆ ਸਕਦਾ ਹੈ, ਅਤੇ ਏਥੋਂ ਤੱਕ ਕਿ ਜ਼ਿੰਦਗੀਆਂ ਵੀ ਬਚਾ ਸਕਦਾ ਹੈ।

### ਇਸ ਸਮੱਸਿਆ ਨੂੰ ਹੱਲ ਕਰਨ ਲਈ BeatAsthma ਬਣਾਈ ਗਈ ਹੈ।

ਅਸੀਂ ਸਿਹਤ ਪੇਸ਼ੇਵਰਾਂ ਤੋਂ ਲੈ ਕੇ ਮਾਤਾ-ਪਿਤਾ ਤੱਕ ਦਮੇ ਤੋਂ ਪੀੜਤ ਲੋਕਾਂ ਦਾ ਇੱਕ ਵਿਭਿੰਨ ਸਮੂਹ ਹਾਂ ਜੋ ਬੱਚਿਆਂ ਦੇ ਦਮੇ ਬਾਰੇ ਜਾਗਰੂਕਤਾ ਅਤੇ ਗਿਆਨ ਨੂੰ ਬਿਹਤਰ ਬਣਾਉਣ ਬਾਰੇ ਜੋਸ਼ ਨਾਲ ਵਿਸ਼ਵਾਸ ਕਰਦੇ ਹਨ।

ਇਸ ਸਾਈਟ 'ਤੇ, ਤੁਸੀਂ ਦਮੇ ਨੂੰ ਪੂਰੀ ਤਰ੍ਹਾਂ ਸਮਝਣ ਅਤੇ ਇਸਦਾ ਪ੍ਰਬੰਧਨ ਕਰਨ ਲਈ ਤੁਹਾਨੂੰ ਲੋੜੀਂਦੀ ਸਾਰੀ ਜਾਣਕਾਰੀ ਦੇਖੋਂਗੇ, ਚਾਹੇ ਤੁਸੀਂ ਦਮੇ ਵਾਲੇ ਕਿਸੇ ਬੱਚੇ ਦੇ ਮਾਪੇ ਹੋ, ਖੁਦ ਦਮੇ ਵਾਲੇ ਕੋਈ ਜਵਾਨ ਬਾਲਗ ਹੋ, ਕੋਈ ਅਧਿਆਪਕ ਜਾਂ ਕੋਈ ਸਿਹਤ ਪੇਸ਼ੇਵਰ ਹੋ।

ਇਕੱਠਿਆਂ ਕੰਮ ਕਰਕੇ, ਸੰਭਾਲ ਨੂੰ ਮਿਆਰੀਕਰਨ ਕਰਕੇ ਅਤੇ ਦਮੇ ਨਾਲ ਨਿਪਟਣ ਵਾਲੇ ਸਾਰੇ ਲੋਕਾਂ ਨੂੰ ਕੰਟਰੋਲ ਕਰਨ ਲਈ ਸ਼ਕਤੀ-ਸਮਰੱਥ ਬਣਾ ਕੇ, ਅਸੀਂ ਦਮੇ ਵਾਲੇ ਬੱਚਿਆਂ ਦੀਆਂ ਜ਼ਿੰਦਗੀਆਂ ਬਦਲ ਸਕਦੇ ਹਾਂ।